ਮਿੱਠੇ ਬੱਚੇ:- ਸੰਗਦੋਸ਼ ਤੋਂ ਬੱਚਕੇ ਪੜ੍ਹਾਈ ਤੇ ਪੂਰਾ - ਪੂਰਾ ਧਿਆਨ ਦੋ ਤਾਂ ਕੋਈ ਵੀ ਤੂਫ਼ਾਨ ਆ ਨਹੀਂ ਸਕਦੇ , ਬਾਕੀ ਮਾਇਆ ਨੂੰ ਦੋਸ਼ੀ ਨਾ ਬਣਾਓ ”

ਪ੍ਰਸ਼ਨ:- ਕਿਹੜੀ ਇੱਕ ਗੱਲ ਹਮੇਸ਼ਾ ਧਿਆਨ ਵਿੱਚ ਰੱਖੋ ਤਾਂ ਬੇੜਾ ਪਾਰ ਹੋ ਜਾਵੇਗਾ?

ਉੱਤਰ:- “ਬਾਬਾ ਤੁਹਾਡਾ ਜੋ ਹੁਕਮ”, ਇਵੇਂ ਹਮੇਸ਼ਾ ਬਾਪ ਦੇ ਹੁਕਮ ਤੇ ਚਲਦੇ ਰਹੋ ਤਾਂ ਤੁਹਾਡਾ ਬੇੜਾ ਪਾਰ ਹੋ ਜਾਵੇਗਾ। ਹੁਕਮ ਤੇ ਚੱਲਣ ਵਾਲੇ ਮਾਇਆ ਦੇ ਵਾਰ ਤੋਂ ਬੱਚ ਜਾਂਦੇ ਹਨ, ਬੁੱਧੀ ਦਾ ਤਾਲਾ ਖੁੱਲ ਜਾਂਦਾ ਹੈ ਅਪਾਰ ਖੁਸ਼ੀ ਰਹਿੰਦੀ ਹੈ ਕੋਈ ਵੀ ਉਲਟਾ ਕਰਮ ਨਹੀਂ ਹੁੰਦਾ ਹੈ।

ਗੀਤ:- ਤੁਮੇਂ ਪਾਕੇ ਹਮਨੇ...

ਓਮ ਸ਼ਾਂਤੀ। ਮਿੱਠੇ - ਮਿੱਠੇ ਸਾਰੇ ਸੈਂਟਰਜ਼ ਦੇ ਬੱਚਿਆਂ ਨੇ ਗੀਤ ਸੁਣਿਆ ਸਭ ਜਾਣਦੇ ਹਨ ਕਿ ਬੇਹੱਦ ਦੇ ਬਾਪ ਤੋਂ ਫਿਰ ਤੋਂ 5 ਹਜ਼ਾਰ ਵਰ੍ਹੇ ਪਹਿਲੇ ਮੁਅਫਿਕ ਅਸੀਂ ਵਿਸ਼ਵ ਦੀ ਬਾਦਸ਼ਾਹੀ ਲੈ ਰਹੇ ਹਾਂ ਕਲਪ - ਕਲਪ ਅਸੀਂ ਲੈਂਦੇ ਆਏ ਹਾਂ। ਬਾਦਸ਼ਾਹੀ ਲੈਂਦੇ ਹਨ ਫਿਰ ਗਵਾਉਂਦੇ ਹਨ। ਬੱਚੇ ਜਾਣਦੇ ਹਨ ਹੁਣ ਅਸੀਂ ਬੇਹੱਦ ਦੇ ਬਾਪ ਦੀ ਗੋਦ ਲਿੱਤੀ ਹੈ ਅਤੇ ਉਨ੍ਹਾਂ ਦੇ ਬੱਚੇ ਬਣੇ ਹਾਂ। ਹਨ ਵੀ ਬਰੋਬਰ। ਘਰ ਬੈਠੇ ਹੋਏ ਪੁਰਸ਼ਾਰਥ ਕਰਦੇ ਹਨ। ਬੇਹੱਦ ਦੇ ਬਾਪ ਤੋਂ ਉੱਚ ਪਦਵੀ ਪਾਉਣ ਦੇ ਲਈ ਪੜ੍ਹਾਈ ਚਲ ਰਹੀ ਹੈ। ਤੁਸੀਂ ਜਾਣਦੇ ਹੋ ਗਿਆਨ ਸਾਗਰ, ਪਤਿਤ - ਪਾਵਨ ਸਰਵ ਦਾ ਸਦਗਤੀ ਦਾਤਾ ਸ਼ਿਵਬਾਬਾ ਹੀ ਸਾਡਾ ਬਾਪ ਵੀ ਹੈ, ਟੀਚਰ ਵੀ ਹੈ ਅਤੇ ਸਤਿਗੁਰੂ ਵੀ ਹੈ। ਉਨ੍ਹਾਂ ਤੋਂ ਅਸੀਂ ਵਰਸਾ ਲੈਂਦੇ ਹਾਂ ਤਾਂ ਉਸ ਵਿੱਚ ਕਿੰਨਾ ਪੁਰਸ਼ਾਰਥ ਕਰਨਾ ਚਾਹੀਦਾ ਹੈ - ਉੱਚ ਪਦਵੀ ਪਾਉਣ ਲਈ। ਅਗਿਆਨ ਕਾਲ ਵਿੱਚ ਵੀ ਸਕੂਲ ਵਿੱਚ ਪੜ੍ਹਦੇ ਹਨ ਤਾਂ ਨੰਬਰਵਾਰ ਮਾਰਕਸ ਨਾਲ ਪਾਸ ਹੁੰਦੇ ਹਨ, ਆਪਣੀ ਪੜ੍ਹਾਈ ਅਨੁਸਾਰ। ਉੱਥੇ ਇਵੇਂ ਤਾਂ ਕੋਈ ਨਹੀਂ ਕਹਿਣਗੇ ਕਿ ਮਾਇਆ ਸਾਨੂੰ ਵਿਘਨ ਪਾਉਂਦੀ ਹੈ ਜਾਂ ਤੂਫ਼ਾਨ ਆਉਂਦੇ ਹਨ। ਠੀਕ ਰੀਤੀ ਪੜ੍ਹਦੇ ਨਹੀਂ ਹਨ ਜਾਂ ਬੁਰੇ ਸੰਗ ਵਿੱਚ ਜਾਕੇ ਫੱਸ ਪੈਂਦੇ ਹਨ। ਖੇਲਕੁਦ ਵਿੱਚ ਲੱਗ ਜਾਂਦੇ ਹਨ ਇਸਲਈ ਪੜ੍ਹਦੇ ਨਹੀਂ ਹਨ। ਨਾਪਸ ਹੋ ਜਾਂਦੇ ਹਨ। ਬਾਕੀ ਇਸ ਨੂੰ ਮਾਇਆ ਦੇ ਤੂਫ਼ਾਨ ਨਹੀਂ ਕਹਾਂਗੇ। ਚਲਣ ਠੀਕ ਨਹੀਂ ਰਹਿੰਦੀ ਤਾਂ ਟੀਚਰ ਵੀ ਸਰਟੀਫਿਕੇਟ ਦਿੰਦੇ ਹਨ ਕਿ ਇਨ੍ਹਾਂ ਦੀ ਬਦਚਲਣ ਹੈ। ਕੁਸੰਗ ਵਿੱਚ ਖਰਾਬ ਹੋਇਆ ਹੈ, ਇਸ ਵਿੱਚ ਮਾਇਆ ਰਾਵਣ ਨੂੰ ਦੋਸ਼ੀ ਬਣਾਉਣ ਦੀ ਗੱਲ ਨਹੀਂ ਹੈ। ਵੱਡੇ - ਵੱਡੇ ਚੰਗੇ ਆਦਮੀਆਂ ਦੇ ਬੱਚੇ ਕਈ ਤਾਂ ਚੰਗਾ ਚੜ੍ਹ ਜਾਂਦੇ ਹਨ, ਕਈ ਸ਼ਰਾਬ ਆਦਿ ਪੀਣ ਲੱਗ ਜਾਂਦੇ ਹਨ। ਗੰਦੇ ਵੱਲ ਚਲੇ ਜਾਂਦੇ ਹਨ ਤਾਂ ਬਾਪ ਵੀ ਕਹਿੰਦੇ ਹਨ ਕਿ ਕਪੂਤ ਹੋ ਗਿਆ ਹੈ। ਉਸ ਪੜ੍ਹਾਈ ਵਿੱਚ ਤਾਂ ਬਹੁਤ ਸਬਜੈਕਟ ਹੁੰਦੀ ਹੈ। ਇਹ ਤਾਂ ਇੱਕ ਹੀ ਤਰ੍ਹਾਂ ਦੀ ਪੜ੍ਹਾਈ ਹੈ। ਉੱਥੇ ਮਨੁੱਖ ਪੜ੍ਹਾਉਂਦੇ ਹਨ। ਇੱਥੇ ਬੱਚੇ ਜਾਣਦੇ ਹਨ ਸਾਨੂੰ ਭਗਵਾਨ ਪੜ੍ਹਾਉਂਦੇ ਹਨ। ਅਸੀਂ ਚੰਗੀ ਤਰ੍ਹਾਂ ਪੜ੍ਹੀਏ ਤਾਂ ਵਿਸ਼ਵ ਦਾ ਮਾਲਿਕ ਬਣ ਸਕਦੇ ਹਾਂ। ਬੱਚੇ ਤਾਂ ਬਹੁਤ ਹਨ ਕਈ ਪੜ੍ਹ ਨਹੀਂ ਸਕਦੇ, ਸੰਗਦੋਸ਼ ਵਿੱਚ ਆਕੇ। ਇਸ ਨੂੰ ਮਾਇਆ ਦਾ ਤੂਫ਼ਾਨ ਕਿਓਂ ਕਹੀਏ? ਸੰਗਦੋਸ਼ ਵਿੱਚ ਕੋਈ ਪੜ੍ਹਦਾ ਨਹੀਂ ਤਾਂ ਇਸ ਵਿੱਚ ਮਾਇਆ ਅਤੇ ਟੀਚਰ ਜਾਂ ਬਾਪ ਕੀ ਕਰਨਗੇ! ਨਹੀਂ ਪੜ੍ਹ ਸਕਦੇ ਹਨ ਤਾਂ ਚਲੇ ਗਏ ਆਪਣੇ ਘਰ। ਇਹ ਤਾਂ ਡਰਾਮਾ ਅਨੁਸਾਰ ਪਹਿਲੇ ਭੱਠੀ ਵਿੱਚ ਪੈਣਾ ਹੀ ਸੀ। ਸ਼ਰਨ ਆਕੇ ਲਿੱਤੀ। ਕਿਸੇ ਨੂੰ ਪਤੀ ਨੇ ਮਾਰਿਆ, ਤੰਗ ਕੀਤਾ ਤਾਂ ਕਿਸੇ ਨੂੰ ਵੈਰਾਗ ਆ ਗਿਆ। ਘਰ ਵਿੱਚ ਚਲ ਨਹੀਂ ਸਕੀ ਫਿਰ ਕੋਈ ਇੱਥੇ ਆਕੇ ਵੀ ਚਲੀ ਗਈ, ਨਹੀਂ ਪੜ੍ਹ ਸਕੀ ਤਾਂ ਜਾਕੇ ਨੌਕਰੀ ਆਦਿ ਵਿੱਚ ਲੱਗੀ ਜਾਂ ਸ਼ਾਦੀ ਕੀਤੀ। ਇਹ ਤਾਂ ਇੱਕ ਬਹਾਨਾ ਹੈ ਮਾਇਆ ਦੇ ਤੂਫ਼ਾਨ ਨਾਲ ਪੜ੍ਹ ਨਹੀਂ ਸਕਦੇ। ਇਹ ਨਹੀਂ ਸਮਝਦੇ ਕਿ ਸੰਗਦੋਸ਼ ਦੇ ਕਾਰਨ ਇਹ ਹਾਲ ਹੋਇਆ ਅਤੇ ਸਾਡੇ ਵਿੱਚ ਵਿਕਾਰ ਜਬਰਦਸਤ ਹਨ। ਇਹ ਕਿਓਂ ਕਹਿੰਦੇ ਹੋ ਕਿ ਮਾਇਆ ਦਾ ਤੂਫ਼ਾਨ ਲੱਗਿਆ ਤਾਂ ਡਿੱਗ ਪਏ। ਇਹ ਤਾਂ ਆਪਣੇ ਉੱਪਰ ਮਦਾਰ ਹੈ।

ਬਾਪ, ਟੀਚਰ, ਸਤਿਗੁਰੂ ਦੀ ਜੋ ਸਿੱਖਿਆ ਮਿਲਦੀ ਹੈ, ਉਸ ਤੇ ਚਲਣਾ ਚਾਹੀਦਾ ਹੈ। ਨਹੀਂ ਚਲਦੇ ਹਨ ਤਾਂ ਕੋਈ ਖਰਾਬ ਸੰਗ ਹੈ ਜਾਂ ਕਾਮ ਦਾ ਨਸ਼ਾ ਜਾਂ ਦੇਹ - ਅਭਿਮਾਨ ਦਾ ਨਸ਼ਾ ਹੈ। ਸਭ ਸੈਂਟਰਜ਼ ਵਾਲੇ ਜਾਣਦੇ ਹਨ ਕਿ ਅਸੀਂ ਬੇਹੱਦ ਦੇ ਬਾਪ ਤੋਂ ਵਿਸ਼ਵ ਦੀ ਬਾਦਸ਼ਾਹੀ ਲੈਣ ਲਈ ਪੜ੍ਹ ਰਹੇ ਹਾਂ। ਨਿਸ਼ਚਾ ਨਹੀਂ ਹੈ ਤਾਂ ਬੈਠੇ ਹੀ ਕਿਓਂ ਹਨ ਹੋਰ ਵੀ ਬਹੁਤ ਆਸ਼ਰਮ ਹਨ। ਪਰ ਉੱਥੇ ਤਾਂ ਕੋਈ ਪ੍ਰਾਪਤੀ ਨਹੀਂ। ਏਮ ਆਬਜੈਕਟ ਨਹੀਂ ਹੈ। ਉਹ ਸਭ ਛੋਟੇ - ਛੋਟੇ ਮੱਠ ਪੰਥ, ਟਾਲ ਟਾਲਿਆਂ ਹਨ। ਝਾੜ ਵ੍ਰਿਧੀ ਨੂੰ ਪਾਉਣਾ ਹੀ ਹੈ। ਇੱਥੇ ਤਾਂ ਇਹ ਸਾਰਾ ਕਨੈਕਸ਼ਨ ਹੈ। ਮਿੱਠੇ ਦੈਵੀ ਝਾੜ ਦਾ ਜੋ ਹੋਵੇਗਾ ਉਹ ਨਿਕਲ ਆਵੇਗਾ। ਸਭ ਤੋਂ ਮਿੱਠੇ ਕੌਣ ਹੋਣਗੇ? ਜੋ ਸਤਿਯੁਗ ਦੇ ਮਹਾਰਾਜਾ ਮਹਾਰਾਣੀ ਬਣਦੇ ਹਨ। ਹੁਣ ਤੁਸੀਂ ਸਮਝਦੇ ਹੋ ਜੋ ਪਹਿਲੇ ਨੰਬਰ ਵਿੱਚ ਆਉਂਦੇ ਹਨ, ਉਨ੍ਹਾਂ ਨੇ ਜਰੂਰ ਪੜ੍ਹਾਈ ਪੜ੍ਹੀ ਹੋਵੇਗੀ। ਉਹ ਹੀ ਸੂਰਜਵੰਸ਼ੀ ਘਰਾਣੇ ਵਿੱਚ ਗਏ। ਇਵੇਂ ਵੀ ਹਨ ਗ੍ਰਹਿਸਥ ਵਿਵਹਾਰ ਵਿੱਚ ਰਹਿੰਦੇ ਅਰਪਣਮਈ ਜੀਵਨ ਹੈ। ਬਹੁਤ ਸਰਵਿਸ ਕਰ ਰਹੇ ਹਨ। ਫਰਕ ਹੈ ਨਾ। ਭਾਵੇਂ ਇੱਥੇ ਵੀ ਰਹਿੰਦੇ ਹਨ ਪਰ ਪੜ੍ਹਾ ਨਹੀਂ ਸਕਦੇ ਤਾਂ ਹੋਰ ਸਰਵਿਸ ਵਿੱਚ ਲੱਗ ਜਾਂਦੇ ਹਨ। ਪਿਛਾੜੀ ਵਿੱਚ ਥੋੜ੍ਹੀ ਰਜਾਈ ਪਦਵੀ ਪਾ ਲੈਣਗੇ। ਵੇਖਿਆ ਜਾਂਦਾ ਹੈ ਬਾਹਰ ਗ੍ਰਹਿਸਥ ਵਿਵਹਾਰ ਵਿੱਚ ਰਹਿਣ ਵਾਲੇ ਬਹੁਤ ਤਿੱਖੇ ਹੋ ਜਾਂਦੇ ਹਨ, ਪੜ੍ਹਨ ਅਤੇ ਪੜ੍ਹਾਉਣ ਵਿੱਚ। ਸਾਰੇ ਤਾਂ ਗ੍ਰਹਿਸਥੀ ਨਹੀਂ ਹਨ। ਕੰਨਿਆ ਜਾਂ ਕੁਮਾਰ ਨੂੰ ਗ੍ਰਹਿਸਥੀ ਨਹੀਂ ਕਹਾਂਗੇ ਅਤੇ ਜੋ ਵਾਨਪ੍ਰਸਥੀ ਹਨ ਉਹ 60 ਵਰ੍ਹੇ ਦੇ ਬਾਦ ਫਿਰ ਸਭ ਕੁਝ ਬੱਚਿਆਂ ਨੂੰ ਦੇਕੇ ਆਪ ਕਿਸੇ ਸਾਧੂ ਆਦਿ ਦੇ ਸੰਗ ਵਿੱਚ ਜਾਕੇ ਰਹਿੰਦੇ ਹਨ।

ਅੱਜਕਲ ਤਾਂ ਤਮੋਪ੍ਰਧਾਨ ਹਨ ਤਾਂ ਮਰਨ ਤੱਕ ਵੀ ਧੰਧੇ ਆਦਿ ਨੂੰ ਛੱਡਦੇ ਨਹੀਂ ਹਨ। ਅੱਗੇ 60 ਵਰ੍ਹੇ ਵਿੱਚ ਵਾਨਪ੍ਰਸਥ ਅਵਸਥਾ ਵਿੱਚ ਚਲੇ ਜਾਂਦੇ ਸੀ। ਬਨਾਰਸ ਵਿੱਚ ਜਾਕੇ ਰਹਿੰਦੇ ਸੀ। ਇਹ ਤਾਂ ਬੱਚਿਆਂ ਨੇ ਸਮਝਿਆ ਹੈ ਵਾਪਿਸ ਕੋਈ ਜਾ ਨਾ ਸਕੇ। ਸਦਗਤੀ ਨੂੰ ਪਾ ਨਹੀਂ ਸਕਦੇ।

ਬਾਪ ਹੀ ਮੁਕਤੀ - ਜੀਵਨਮੁਕਤੀ ਦਾਤਾ ਹੈ। ਉਹ ਵੀ ਸਭ ਜੀਵਨਮੁਕਤੀ ਨੂੰ ਨਹੀਂ ਪਾਉਂਦੇ। ਕਈ ਤਾਂ ਮੁਕਤੀ ਵਿੱਚ ਚਲੇ ਜਾਂਦੇ ਹਨ। ਹੁਣ ਆਦਿ ਸਨਾਤਨ ਦੇਵੀ - ਦੇਵਤਾ ਧਰਮ ਦੀ ਸਥਾਪਨਾ ਹੋ ਰਹੀ ਹੈ, ਫਿਰ ਜੋ ਜਿੰਨਾ ਪੁਰਸ਼ਾਰਥ ਕਰੇ। ਉਨ੍ਹਾਂ ਵਿੱਚ ਵੀ ਕੁਮਾਰੀਆਂ ਨੂੰ ਚੰਗਾ ਚਾਂਸ ਹੈ। ਪਾਰਲੌਕਿਕ ਬਾਪ ਦੀ ਵਾਰਿਸ ਬਣ ਜਾਂਦੀ ਹੈ। ਇੱਥੇ ਤਾਂ ਸਭ ਬੱਚੇ ਬਾਪ ਤੋਂ ਵਰਸਾ ਲੈਣ ਦੇ ਹੱਕਦਾਰ ਹਨ। ਉੱਥੇ ਤਾਂ ਬੱਚੀਆਂ ਨੂੰ ਵਰਸਾ ਨਹੀਂ ਮਿਲਦਾ। ਬੱਚਿਆਂ ਨੂੰ ਲਾਲਚ ਰਹਿੰਦੀ ਹੈ। ਭਾਵੇਂ ਅਜਿਹੇ ਵੀ ਹਨ ਜੋ ਸਮਝਦੇ ਹਨ ਕਿ ਇਹ ਵੀ ਵਰਸਾ ਮਿਲੇਗਾ, ਉਹ ਵੀ ਲਈਏ, ਉਨ੍ਹਾਂ ਨੂੰ ਕਿਓਂ ਛੱਡੀਏ। ਦੋਨੋਂ ਤਰਫ ਪੜ੍ਹਦੇ ਹਨ। ਇਵੇਂ ਕਿਸਮ - ਕਿਸਮ ਦੇ ਹਨ। ਹੁਣ ਇਹ ਤਾਂ ਸਮਝਦੇ ਹਨ ਚੰਗਾ ਜੋ ਪੜ੍ਹਦੇ ਹਨ ਉਹ ਉੱਚ ਪਦਵੀ ਪਾ ਲੈਂਦੇ ਹਨ। ਪ੍ਰਜਾ ਵਿੱਚ ਬਹੁਤ ਸਾਹੂਕਾਰ ਬਣ ਜਾਂਦੇ ਹਨ। ਇੱਥੇ ਰਹਿਣ ਵਾਲਿਆਂ ਨੂੰ ਅੰਦਰ ਹੀ ਰਹਿਣਾ ਪੈਂਦਾ ਹੈ। ਦਾਸ ਦਾਸੀਆਂ ਬਣ ਜਾਂਦੇ ਹਨ। ਫਿਰ ਤ੍ਰੇਤਾ ਦੇ ਅੰਤ ਵਿੱਚ 3 - 4 - 5 ਜਨਮ ਕਰਕੇ ਰਜਾਈ ਪਦਵੀ ਮਿਲੇਗੀ, ਉਨ੍ਹਾਂ ਤੋਂ ਤਾਂ ਉਹ ਸਾਹੂਕਾਰ ਚੰਗੇ ਹਨ ਜੋ ਸਤਿਯੁਗ ਤੋਂ ਲੈਕੇ ਉਨ੍ਹਾਂ ਦੀ ਸਾਹੂਕਾਰੀ ਕਾਇਮ ਰਹਿੰਦੀ ਹੈ। ਗ੍ਰਹਿਸਥ ਵਿਵਹਾਰ ਵਿੱਚ ਰਹਿਕੇ ਸਾਹੂਕਰੀ ਪਦਵੀ ਕਿਓਂ ਨਹੀਂ ਲੈਣੀ ਚਾਹੀਦੀ ਹੈ। ਕੋਸ਼ਿਸ਼ ਕਰਦੇ ਹਨ ਅਸੀਂ ਰਜਾਈ ਪਦਵੀ ਪਾ ਲਈਏ। ਪਰ ਜੇਕਰ ਖਿਸਕ ਪੈਂਦੇ ਹਨ ਤਾਂ ਪ੍ਰਜਾ ਵਿੱਚ ਚੰਗਾ ਪਦਵੀ ਪਾਉਣ ਦਾ ਪੁਰਸ਼ਾਰਥ ਕਰਨਾ ਚਾਹੀਦਾ ਹੈ। ਉਹ ਵੀ ਤਾਂ ਉੱਚ ਪਦਵੀ ਹੋਈ ਨਾ। ਇੱਥੇ ਰਹਿਣ ਵਾਲਿਆਂ ਤੋਂ ਬਾਹਰ ਰਹਿਣ ਵਾਲੇ ਬਹੁਤ ਉੱਚੀ ਪਦਵੀ ਪਾ ਸਕਦੇ ਹਨ। ਸਾਰਾ ਮਦਾਰ ਪੁਰਸ਼ਾਰਥ ਤੇ ਹੈ। ਪੁਰਸ਼ਾਰਥ ਕਦੀ ਛਿਪ ਨਹੀਂ ਸਕਦਾ। ਪ੍ਰਜਾ ਵਿੱਚ ਜੋ ਵੱਡੇ ਤੇ ਵੱਡਾ ਸਾਹੂਕਾਰ ਬਣੇਗਾ, ਉਹ ਵੀ ਛਿਪਿਆ ਨਹੀਂ ਰਹੇਗਾ। ਇਵੇਂ ਨਹੀਂ ਕਿ ਬਾਹਰ ਵਾਲਿਆਂ ਨੂੰ ਕੋਈ ਘੱਟ ਪਦਵੀ ਮਿਲਦੀ ਹੈ। ਪਿਛਾੜੀ ਵਿੱਚ ਰਜਾਈ ਪਦਵੀ ਪਾਉਣਾ ਚੰਗਾ ਜਾਂ ਪ੍ਰਜਾ ਵਿੱਚ ਸ਼ੁਰੂ ਤੋਂ ਲੈਕੇ ਉੱਚ ਪਦਵੀ ਪਾਉਣਾ ਚੰਗਾ ਹੈ? ਗ੍ਰਹਿਸਥ ਵਿਵਹਾਰ ਵਿੱਚ ਰਹਿਣ ਵਾਲਿਆਂ ਨੂੰ ਇੰਨੇ ਮਾਇਆ ਦੇ ਤੂਫ਼ਾਨ ਨਹੀਂ ਆਉਂਦੇ ਹਨ। ਇੱਥੇ ਵਾਲਿਆਂ ਨੂੰ ਤੂਫ਼ਾਨ ਬਹੁਤ ਆਉਂਦੇ ਹਨ। ਹਿੰਮਤ ਕਰਦੇ ਹਨ ਅਸੀਂ ਸ਼ਿਵਬਾਬਾ ਦੀ ਸ਼ਰਨ ਵਿੱਚ ਬੈਠੇ ਹਾਂ ਪਰ ਸੰਗਦੋਸ਼ ਵਿੱਚ ਪੜ੍ਹਦੇ ਨਹੀਂ ਹਨ। ਪਿਛਾੜੀ ਵਿੱਚ ਸਭ ਪਤਾ ਪੈ ਜਾਂਦਾ ਹੈ। ਸਾਖ਼ਸ਼ਾਤਕਰ ਹੋਵੇਗੀ, ਕੌਣ ਕਿਹੜੀ ਪਦਵੀ ਪਾਉਣਗੇ। ਨੰਬਰਵਾਰ ਪੜ੍ਹਦੇ ਹਨ ਨਾ। ਕੋਈ ਤਾਂ ਸੈਂਟਰਜ਼ ਨੂੰ ਆਪ ਹੀ ਚਲਾਉਂਦੇ ਹਨ। ਕਿੱਥੇ ਤਾਂ ਸੈਂਟਰ ਚਲਾਉਣ ਵਾਲੇ ਤੋਂ ਵੀ ਪੜ੍ਹਨ ਵਾਲੇ ਤਿੱਖੇ ਹੋ ਜਾਂਦੇ ਹਨ। ਸਾਰਾ ਪੁਰਸ਼ਾਰਥ ਤੇ ਹੈ। ਇਵੇਂ ਨਹੀਂ ਕਿ ਮਾਇਆ ਦੇ ਤੂਫ਼ਾਨ ਆਉਂਦੇ ਹਨ। ਨਹੀਂ। ਆਪਣੀ ਚਲਣ ਠੀਕ ਨਹੀਂ ਹੈ। ਸ਼੍ਰੀਮਤ ਤੇ ਨਹੀਂ ਚਲਦੇ ਹਨ। ਲੌਕਿਕ ਵਿੱਚ ਵੀ ਇਵੇਂ ਹੁੰਦਾ ਹੈ। ਟੀਚਰ ਜਾਂ ਮਾਂ ਬਾਪ ਦੀ ਮੱਤ ਤੇ ਨਹੀਂ ਚਲਦੇ। ਤੁਸੀਂ ਤਾਂ ਅਜਿਹੇ ਬਾਪ ਦੇ ਬੱਚੇ ਬਣੇ ਹੋ ਜਿਨ੍ਹਾਂ ਦਾ ਕੋਈ ਬਾਪ ਹੀ ਨਹੀਂ। ਉੱਥੇ ਤਾਂ ਬਾਹਰ ਵਿੱਚ ਬਹੁਤ ਜਾਣਾ ਪੈਂਦਾ ਹੈ। ਕਈ ਬੱਚੇ ਸੰਗਦੋਸ਼ ਵਿੱਚ ਫੱਸ ਪੈਂਦੇ ਹਨ ਤਾਂ ਨਾਪਸ ਹੋ ਜਾਂਦੇ ਹਨ। ਬਹੁਤਿਆਂ ਨੂੰ ਲਾਲਚ ਰਹਿੰਦੀ ਹੈ, ਕਿਸੇ ਵਿੱਚ ਗੁੱਸਾ, ਕਿਸੇ ਵਿੱਚ ਚੋਰੀ ਦੀ ਆਦਤ, ਆਖ਼ਿਰ ਵਿੱਚ ਪਤਾ ਤਾਂ ਪੈ ਜਾਂਦਾ ਹੈ। ਫਲਾਣੇ - ਫਲਾਣੇ ਇਵੇਂ - ਇਵੇਂ ਦੀ ਚਲਣ ਦੇ ਕਾਰਨ ਚਲੇ ਗਏ। ਸਮਝਿਆ ਜਾਂਦਾ ਹੈ ਸ਼ੂਦ੍ਰ ਕੁਲ ਦੇ ਬਣ ਗਏ। ਉਨ੍ਹਾਂ ਨੂੰ ਫਿਰ ਬ੍ਰਾਹਮਣ ਨਹੀਂ ਕਹਾਂਗੇ। ਫਿਰ ਜਾਕੇ ਸ਼ੂਦ੍ਰ ਬਣ ਗਏ। ਪੜ੍ਹਾਈ ਛੱਡ ਦਿੱਤੀ। ਥੋੜਾ ਵੀ ਗਿਆਨ ਸੁਣਿਆ ਤਾਂ ਪ੍ਰਜਾ ਵਿੱਚ ਆ ਜਾਣਗੇ। ਵੱਡਾ ਝਾੜ ਹੈ। ਕਿੱਥੇ - ਕਿੱਥੋਂ ਤੋਂ ਨਿਕਲ ਆਉਣਗੇ। ਦੇਵੀ - ਦੇਵਤਾ ਧਰਮ ਦੇ ਹੋਰ ਧਰਮ ਵਿੱਚ ਕੰਨਵਰਟ ਹੋ ਗਏ ਹੋਣਗੇ ਉਹ ਨਿਕਲ ਆਉਣਗੇ। ਬਹੁਤ ਆਉਣਗੇ ਤਾਂ ਸਭ ਵੰਡਰ ਖਾਣਗੇ। ਹੋਰ ਧਰਮ ਵਾਲੇ ਵੀ ਮੁਕਤੀ ਦਾ ਵਰਸਾ ਤਾਂ ਲੈ ਸਕਦੇ ਹਨ ਨਾ। ਇੱਥੇ ਕੋਈ ਵੀ ਆ ਸਕਦੇ ਹਨ। ਆਪਣੇ ਘਰਾਣੇ ਵਿੱਚ ਉੱਚ ਪਦਵੀ ਪਾਉਣਾ ਹੋਵੇਗਾ ਤਾਂ ਉਹ ਵੀ ਆਕੇ ਲਕਸ਼ ਲੈ ਕੇ ਜਾਣਗੇ। ਬਾਬਾ ਨੇ ਤੁਹਾਨੂੰ ਸਾਖਸ਼ਤਕਾਰ ਕਰਵਾਇਆ ਸੀ ਕਿ ਉਹ ਵੀ ਆਕੇ ਲਕਸ਼ ਲੈ ਕੇ ਜਾਂਦੇ ਹਨ। ਇਵੇਂ ਨਹੀਂ ਕਿ ਇੱਥੇ ਰਹਿਕੇ ਹੀ ਲਕਸ਼ ਵਿੱਚ ਰਹਿ ਸਕਣਗੇ। ਕੋਈ ਵੀ ਧਰਮ ਵਾਲਾ ਲਕਸ਼ ਲੈ ਸਕਦਾ ਹੈ। ਲਕਸ਼ ਮਿਲਦਾ ਹੈ - ਬਾਪ ਨੂੰ ਯਾਦ ਕਰੋ। ਸ਼ਾਂਤੀਧਾਮ ਨੂੰ ਯਾਦ ਕਰੋ ਤਾਂ ਆਪਣੇ ਧਰਮ ਵਿੱਚ ਉੱਚ ਪਦਵੀ ਪਾ ਲੈਣਗੇ। ਉਨ੍ਹਾਂ ਨੂੰ ਜੀਵਨਮੁਕਤੀ ਤਾਂ ਮਿਲਣੀ ਨਹੀਂ ਹੈ, ਨਾ ਉੱਥੇ ਆਉਣਗੇ। ਦਿਲ ਲੱਗੇਗੀ ਨਹੀਂ। ਸੱਚੀ ਦਿਲ ਉਨ੍ਹਾਂ ਦੀ ਲੱਗਦੀ ਹੈ ਜੋ ਇੱਥੇ ਦੇ ਹਨ। ਪਿਛਾੜੀ ਵਿੱਚ ਆਤਮਾਵਾਂ ਆਪਣੇ ਬਾਪ ਨੂੰ ਤਾਂ ਜਾਣ ਜਾਵੇਂ । ਬਹੁਤ ਸੈਂਟਰਜ਼ ਤੇ ਅਜਿਹੇ ਵੀ ਹਨ ਜਿਨ੍ਹਾਂ ਦਾ ਪੜ੍ਹਾਈ ਤੇ ਅਟੈਂਸ਼ਨ ਨਹੀਂ ਹੈ। ਤਾਂ ਸਮਝਿਆ ਜਾਂਦਾ ਹੈ ਉੱਚ ਪਦਵੀ ਨਹੀਂ ਪਾ ਸਕਣਗੇ। ਨਿਸ਼ਚਾ ਹੋਵੇ ਤਾਂ ਇਹ ਨਹੀਂ ਕਹਿ ਸਕਦੇ ਕਿ ਫ਼ੁਰਸਤ ਨਹੀਂ ਹੈ। ਪਰ ਤਕਦੀਰ ਵਿੱਚ ਨਹੀਂ ਹੈ ਤਾਂ ਕਹਿੰਦੇ ਹਨ ਫ਼ੁਰਸਤ ਨਹੀਂ ਹੈ, ਇਹ ਕੰਮ ਹੈ। ਤਕਦੀਰ ਵਿੱਚ ਹੋਵੇਗਾ ਤਾਂ ਦਿਨ ਰਾਤ ਪੁਰਸ਼ਾਰਥ ਕਰਨ ਲੱਗ ਪੈਣਗੇ। ਚਲਦੇ - ਚਲਦੇ ਸੰਗ ਵਿੱਚ ਵੀ ਖਰਾਬ ਹੋ ਪੈਂਦੇ ਹਨ। ਉਸ ਨੂੰ ਗ੍ਰਹਿਚਾਰੀ ਵੀ ਕਹਿ ਸਕਦੇ ਹਾਂ। ਬ੍ਰਹਿਸਪਤੀ ਦੀ ਦਸ਼ਾ ਬਦਲ ਕੇ ਮੰਗਲ ਦੀ ਦਸ਼ਾ ਹੋ ਪੈਂਦੀ ਹੈ। ਸ਼ਾਇਦ ਅੱਗੇ ਚਲਕੇ ਉਤਰ ਜਾਵੇ। ਕਿਸੇ ਦੇ ਲਈ ਬਾਬਾ ਕਹਿੰਦੇ ਹਨ ਰਾਹੂ ਦੀ ਦਸ਼ਾ ਬੈਠੀ ਹੈ। ਭਗਵਾਨ ਦਾ ਵੀ ਨਹੀਂ ਮੰਨਦੇ ਹਨ। ਸਮਝਦੇ ਹਨ ਇਹ ਬ੍ਰਹਮਾ ਕਹਿੰਦੇ ਹਨ। ਬੱਚਿਆਂ ਨੂੰ ਇਹ ਨਹੀਂ ਪਤਾ ਪੈਂਦਾ ਹੈ ਕਿ ਕੌਣ ਹੈ ਜੋ ਡਾਇਰੈਕਸ਼ਨ ਦਿੰਦੇ ਹਨ। ਦੇਹ - ਅਭਿਮਾਨ ਹੋਣ ਦੇ ਕਾਰਨ ਸਾਕਾਰ ਦੇ ਲਈ ਸਮਝ ਲੈਂਦੇ ਹਨ। ਦੇਹੀ - ਅਭਿਮਾਨੀ ਹੋਣ ਤਾਂ ਸਮਝਣ ਕਿ ਸ਼ਿਵਬਾਬਾ ਜੋ ਵੀ ਕਹਿੰਦੇ ਹਨ ਉਹ ਸਾਨੂੰ ਕਰਨਾ ਹੈ। ਰਿਸਪੋਂਸਿਬਿਲਟੀ ਸ਼ਿਵਬਾਬਾ ਤੇ ਹੈ। ਸ਼ਿਵਬਾਬਾ ਦੀ ਮੱਤ ਤੇ ਤਾਂ ਚਲਣਾ ਚਾਹੀਦਾ ਹੈ ਨਾ। ਦੇਹ - ਅਭਿਮਾਨ ਦੇ ਆਉਣ ਨਾਲ ਸ਼ਿਵਬਾਬਾ ਨੂੰ ਭੁੱਲ ਜਾਂਦੇ ਹਨ ਫਿਰ ਸ਼ਿਵਬਾਬਾ ਰਿਸਪਾਂਸੀਬਲ ਨਹੀਂ ਰਹਿ ਸਕਦਾ। ਉਨ੍ਹਾਂ ਦਾ ਆਰਡਰ ਤਾਂ ਸਿਰ ਤੇ ਧਾਰਨ ਕਰਨਾ ਚਾਹੀਦਾ ਹੈ। ਪਰ ਸਮਝਦੇ ਨਹੀਂ ਕਿ ਕੌਣ ਸਮਝਾਉਂਦੇ ਹਨ। ਸੋ ਵੀ ਹੋਰ ਤਾਂ ਕੋਈ ਆਰਡਰ ਨਹੀਂ ਕਰਦੇ ਸਿਰਫ ਬਾਪ ਕਹਿੰਦੇ ਹਨ ਮੈਂ ਤੁਹਾਨੂੰ ਸ਼੍ਰੀਮਤ ਦਿੰਦਾ ਹਾਂ। ਇੱਕ ਤਾਂ ਮੈਨੂੰ ਯਾਦ ਕਰੋ ਅਤੇ ਜੋ ਗਿਆਨ ਮੈਂ ਸੁਣਾਉਂਦਾ ਹਾਂ ਉਹ ਧਾਰਨ ਕਰੋ ਅਤੇ ਕਰਵਾਓ। ਬਸ ਇਹ ਹੀ ਧੰਧਾ ਕਰੋ। ਚੰਗਾ ਬਾਬਾ ਜੋ ਹੁਕਮ। ਰਾਜਿਆਂ ਦੇ ਅੱਗੇ ਜੋ

ਰਹਿੰਦੇ ਹਨ ਉਹ ਇਵੇਂ ਕਹਿੰਦੇ ਹਨ - "ਜੋ ਹੁਕਮ"। ਉਹ ਰਾਜੇ ਹੁਕਮ ਕਰਦੇ ਸਨ। ਇਹ ਸ਼ਿਵਬਾਬਾ ਦਾ ਹੁਕਮ ਹੈ। ਘੜੀ - ਘੜੀ ਕਹਿਣਾ ਚਾਹੀਦਾ ਹੈ - "ਜੋ ਹੁਕਮ ਸ਼ਿਵਬਾਬਾ"। ਤਾਂ ਤੁਹਾਨੂੰ ਖੁਸ਼ੀ ਵੀ ਰਹੇਗੀ। ਸਮਝਣਗੇ ਸ਼ਿਵਬਾਬਾ ਹੁਕਮ ਦਿੰਦੇ ਹਨ। ਯਾਦ ਰਹੇਗੀ ਸ਼ਿਵਬਾਬਾ ਦੀ ਤਾਂ ਬੁੱਧੀ ਦਾ ਤਾਲਾ ਖੁਲ ਜਾਵੇਗਾ। ਸ਼ਿਵਬਾਬਾ ਕਹਿੰਦੇ ਹਨ ਇਹ ਪ੍ਰੈਕਟਿਸ ਪੈ ਜਾਣੀ ਚਾਹੀਦੀ ਹੈ ਤਾਂ ਬੇੜਾ ਪਾਰ ਹੋ ਜਾਵੇ। ਪਰ ਇਹ ਹੀ ਡਿਫਿਕਲਟ ਹੈ। ਘੜੀ - ਘੜੀ ਭੁੱਲ ਜਾਂਦੇ ਹਨ। ਇਵੇਂ ਕਿਓਂ ਕਹਿਣਾ ਚਾਹੀਦਾ ਹੈ ਕਿ ਮਾਇਆ ਭੁਲਾਉਂਦੀ ਹੈ। ਅਸੀਂ ਭੁੱਲ ਜਾਂਦੇ ਹਾਂ ਇਸਲਈ ਉਲਟੇ ਕੰਮ ਹੁੰਦੇ ਰਹਿੰਦੇ ਹਨ।

ਬਹੁਤ ਬੱਚੀਆਂ ਹਨ, ਗਿਆਨ ਤਾਂ ਬਹੁਤ ਚੰਗਾ ਦਿੰਦੀਆਂ ਹਨ ਪਰ ਯੋਗ ਨਹੀਂ ਜਿਸ ਤੋਂ ਵਿਕਰਮ ਵਿਨਾਸ਼ ਹੋਣ। ਇਵੇਂ ਦੇ ਬਹੁਤ ਚੰਗੇ - ਚੰਗੇ ਬੱਚੇ ਹਨ, ਯੋਗ ਬਿਲਕੁਲ ਨਹੀਂ ਹੈ। ਚਲਣ ਤੋਂ ਸਮਝਿਆ ਜਾਂਦਾ ਹੈ - ਯੋਗ ਵਿੱਚ ਨਹੀਂ ਰਹਿੰਦੇ ਹਨ ਫਿਰ ਪਾਪ ਰਹਿ ਜਾਂਦੇ ਹਨ ਜੋ ਭੋਗਣੇ ਪੈਂਦੇ ਹਨ। ਇਸ ਵਿੱਚ ਤੂਫ਼ਾਨ ਦੀ ਤਾਂ ਗੱਲ ਹੀ ਨਹੀਂ। ਸਮਝੋ ਇਹ ਮੇਰੀ ਭੁੱਲ ਹੈ, ਮੈਂ ਸ਼੍ਰੀਮਤ ਤੇ ਚਲਦਾ ਨਹੀਂ ਹਾਂ। ਇੱਥੇ ਤੁਸੀਂ ਆਏ ਹੋ ਰਾਜਯੋਗ ਸਿੱਖਣ। ਪ੍ਰਜਾ ਯੋਗ ਨਹੀਂ ਸਿਖਾਇਆ ਜਾਂਦਾ ਹੈ। ਮਾਤਾ - ਪਿਤਾ ਤਾਂ ਹੈ ਹੀ। ਉਨ੍ਹਾਂ ਨੂੰ ਫਾਲੋ ਕਰੋ ਤਾਂ ਤੁਸੀਂ ਵੀ ਗੱਦੀ ਨਸ਼ੀਨ ਬਣੋਂਗੇ। ਇਨ੍ਹਾਂ ਦਾ ਤਾਂ ਸਰਟਨ ਹੈ ਨਾ। ਇਹ ਸ਼੍ਰੀ ਲਕਸ਼ਮੀ - ਨਾਰਾਇਣ ਬਣਦੇ ਹਨ ਤਾਂ ਫਾਲੋ ਮਦਰ ਫਾਦਰ। ਅਤੇ ਹੋਰ ਧਰਮ ਵਾਲੇ ਮਦਰ ਫਾਦਰ ਨੂੰ ਫਾਲੋ ਨਹੀਂ ਕਰਦੇ ਹਨ। ਉਹ ਤਾਂ ਫਾਦਰ ਨੂੰ ਹੀ ਮੰਨਦੇ ਹਨ। ਇੱਥੇ ਤਾਂ ਦੋਨੋਂ ਹਨ। ਗੌਡ ਤਾਂ ਹੈ ਕ੍ਰਿਏਟਰ। ਮਦਰ ਦਾ ਫਿਰ ਗੁਪਤ ਰਾਜ਼ ਹੈ। ਮਾਂ ਬਾਪ ਪੜ੍ਹਾਉਂਦੇ ਰਹਿੰਦੇ ਹਨ। ਸਮਝਾਉਂਦੇ ਹਨ ਇਵੇਂ ਨਹੀਂ ਕਰੋ, ਇਹ ਕਰੋ। ਟੀਚਰ ਕੋਈ ਵੀ ਸਜਾ ਦੇਣਗੇ ਤਾਂ ਸਕੂਲ ਦੇ ਵਿੱਚ ਦੇਣਗੇ ਨਾ। ਇਵੇਂ ਥੋੜੀ ਬੱਚਾ ਕਹੇਗਾ ਕਿ ਮੇਰੀ ਇੱਜਤ ਲੈਂਦੇ ਹੋ। ਬਾਪ 5 - 6 ਬੱਚਿਆਂ ਦੇ ਅੱਗੇ ਥੱਪੜ ਮਾਰੇਗਾ। ਤਾਂ ਇਵੇਂ ਬੱਚਾ ਥੋੜੀ ਕਹੇਗਾ ਕਿ 5 - 6 ਦੇ ਅੱਗੇ ਕਿਓਂ ਲਗਾਇਆ, ਨਹੀਂ। ਇੱਥੇ ਤਾਂ ਬੱਚਿਆਂ ਨੂੰ ਸਿਖਿਆ ਦਿੱਤੀ ਜਾਂਦੀ ਹੈ ਫਿਰ ਵੀ ਨਹੀਂ ਚਲ ਸਕਦੇ ਹਨ ਤਾਂ ਚੰਗਾ ਗ੍ਰਹਿਸਥ ਵਿਵਹਾਰ ਵਿਚ ਰਹਿੰਦੇ ਫਿਰ ਪੁਰਸ਼ਾਰਥ ਕਰੋ। ਜੇਕਰ ਇੱਥੇ ਬੈਠੇ ਡਿਸਸਰਵਿਸ ਕੀਤੀ ਤਾਂ ਜੋ ਕੁਝ ਵੀ ਥੋੜਾ ਹੋਵੇਗਾ ਉਹ ਵੀ ਖਤਮ ਹੋ ਜਾਵੇਗਾ। ਨਹੀਂ ਪੜ੍ਹਨਾ ਹੈ ਤਾਂ ਛੱਡ ਦੋ। ਬਸ ਅਸੀਂ ਚਲ ਨਹੀਂ ਸਕਦੇ। ਗਲਾਣੀ ਕਿਓਂ ਕਰਨੀ ਚਾਹੀਦੀ ਹੈ। ਢੇਰ ਬੱਚੇ ਹਨ। ਕੋਈ ਪੜ੍ਹਨਗੇ ਕੋਈ ਛੱਡ ਦੇਣਗੇ। ਹਰ ਇੱਕ ਨੂੰ ਆਪਣੀ ਪੜ੍ਹਾਈ ਵਿੱਚ ਮਸਤ ਰਹਿਣਾ ਚਾਹੀਦਾ ਹੈ।

ਬਾਪ ਕਹਿੰਦੇ ਹਨ ਇੱਕ ਦੋ ਤੋਂ ਸੇਵਾ ਨਾ ਲੋ। ਕੋਈ ਹੰਕਾਰ ਨਹੀਂ ਆਉਣਾ ਚਾਹੀਦਾ ਹੈ। ਦੂਜੇ ਤੋਂ ਸੇਵਾ ਲੈਣਾ ਇਹ ਵੀ ਦੇਹ ਹੰਕਾਰ ਹੈ। ਬਾਬਾ ਨੂੰ ਸਮਝਾਉਣਾ ਤਾਂ ਪਵੇ ਨਾ। ਨਹੀਂ ਤਾਂ ਜੱਦ ਟ੍ਰਿਬਿਊਨਲ ਬੈਠੇਗੀ ਤੱਦ ਕਹਿਣਗੇ - ਸਾਨੂੰ ਪਤਾ ਥੋੜੀ ਸੀ ਕਾਇਦੇ ਕਾਨੂੰਨ ਦਾ ਇਸਲਈ ਬਾਪ ਸਮਝਾ ਦਿੰਦੇ ਹਨ ਫਿਰ ਸਾਕਸ਼ਾਤਕਰ ਕਰਾਏ ਸਜ਼ਾ ਦੇਣਗੇ। ਬਗੈਰ ਪਰੂਫ ਸਜਾ ਥੋੜੀ ਮਿਲ ਸਕਦੀ ਹੈ। ਅੱਛਾ ਸਮਝਾਉਂਦੇ ਤਾਂ ਬਹੁਤ ਹਨ ਕਲਪ ਪਹਿਲੇ ਮੁਅਫਿਕ। ਹਰ ਇੱਕ ਦੀ ਤਕਦੀਰ ਵੇਖੀ ਜਾਂਦੀ ਹੈ। ਕਈ ਸਰਵਿਸ ਕਰ ਆਪਣੀ ਜੀਵਨ ਹੀਰੇ ਵਰਗਾ ਬਣਾਉਂਦੇ ਹਨ, ਕਈ ਹੈ ਜੋ ਤਕਦੀਰ ਨੂੰ ਲਕੀਰ ਲੱਗਾ ਦਿੰਦੇ ਹਨ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

**1.** ਬਾਪ ਟੀਚਰ ਸਤਿਗੁਰੂ ਦਵਾਰਾ ਜੋ ਸਿਖਿਆਵਾਂ ਮਿਲਦੀਆਂ ਹਨ ਉਨ੍ਹਾਂ ਤੇ ਚਲਣਾ ਹੈ। ਮਾਇਆ ਨੂੰ ਦੋਸ਼ ਨਾ ਦੇਕੇ ਆਪਣੀ ਕਮੀਆਂ ਦੀ ਜਾਂਚ ਕਰ ਉਨ੍ਹਾਂ ਨੂੰ ਕੱਢਣਾ ਹੈ।

**2.** ਹੰਕਾਰ ਦਾ ਤਿਆਗ ਕਰ ਆਪਣੀ ਪੜ੍ਹਾਈ ਵਿੱਚ ਮਸਤ ਰਹਿਣਾ ਹੈ। ਕਦੀ ਦੂਜਿਆਂ ਤੋਂ ਸੇਵਾ ਨਹੀਂ ਲੈਣੀ ਹੈ। ਸੰਗਦੋਸ਼ ਤੋਂ ਬਹੁਤ - ਬਹੁਤ ਸੰਭਾਲ ਕਰਨੀ ਹੈ।

ਵਰਦਾਨ:- ਸੰਕਲਪ ਦੇ ਇਸ਼ਾਰਿਆਂ ਨਾਲ ਸਾਰੀ ਕਾਰੋਬਾਰ ਚਲਾਉਣ ਵਾਲੇ ਸਦਾ ਲਾਈਟ ਦੇ ਤਾਜਧਾਰੀ ਭਵ।

ਜੋ ਬੱਚੇ ਸਦਾ ਲਾਈਟ ਰਹਿੰਦੇ ਹਨ ਉਨ੍ਹਾਂ ਦਾ ਸੰਕਲਪ ਅਤੇ ਸਮੇਂ ਕਦੇ ਵਿਅਰਥ ਨਹੀਂ ਜਾਂਦਾ। ਉਹ ਹੀ ਸੰਕਲਪ ਉੱਠਦਾ ਹੈ ਜੋ ਹੋਣ ਨਾਲ ਹੈ। ਜਿਵੇਂ ਬੋਲਣ ਨਾਲ ਗੱਲ ਨੂੰ ਸਪੱਸ਼ਟ ਕਰਦੇ ਹਨ ਉਵੇਂ ਹੀ ਸੰਕਲਪ ਨਾਲ ਸਾਰੀ ਕਾਰੋਬਾਰ ਚਲਦੀ ਹੈ। ਜਦੋਂ ਅਜਿਹੀ ਵਿਧੀ ਅਪਨਾਓ ਤਾਂ ਇਹ ਸਾਕਾਰ ਵਤਨ ਸੂਖਸ਼ਮਵਤਨ ਬਣੇ। ਇਸ ਦੇ ਲਈ ਸਾਈਲੇਂਸ ਦੀ ਸ਼ਕਤੀ ਜਮਾ ਕਰੋ ਅਤੇ ਲਾਈਟ ਦੇ ਤਾਜਧਾਰੀ ਰਹੋ।

ਸਲੋਗਨ:- ਇਸ ਦੁੱਖਧਾਮ ਤੋਂ ਕਿਨਾਰਾ ਕਰ ਲਵੋ ਤਾਂ ਕਦੇ ਦੁੱਖ ਦੀ ਲਹਿਰ ਆ ਨਹੀਂ ਸਕਦੀ।

******

ਇਹ ਅਵਿਅਕਤ ਇਸ਼ਾਰੇ - "ਨਿਸ਼ਚੇ ਦੇ ਫਾਉਂਡੇਸ਼ਨ ਨੂੰ ਮਜ਼ਬੂਤ ਕਰ ਸਦਾ ਨਿਰਭੇ ਅਤੇ ਨਿਸ਼ਚਿੰਤ ਰਹੋ"

ਜਿਵੇਂ ਕਾਰ ਵਿਚ ਬੈਟਰੀ ਜਦੋਂ ਥੋੜ੍ਹੀ ਢਿੱਲੀ ਹੋ ਜਾਂਦੀ ਹੈ, ਕਾਰ ਆਪਣੇ ਆਪ ਨਹੀਂ ਚਲਦੀ ਹੈ ਤਾਂ ਦੂਜਿਆਂ ਤੋਂ ਥੋੜ੍ਹਾ ਧਕਾ ਲਗਵਾਉਂਦੇ ਹਨ, ਇਵੇਂ ਜਿਸ ਵੀ ਆਤਮਾ ਵਿਚ ਤੁਹਾਡਾ ਫੇਥ ਹੋਵੇ ਅਤੇ ਸਮਝੀ ਇਨ੍ਹਾਂ ਤੋਂ ਸਾਨੂੰ ਮਦਦ ਮਿਲ ਸਕਦੀ ਹੈ ਤਾਂ ਉਨ੍ਹਾਂ ਤੋਂ ਥੋੜ੍ਹਾ ਜਿਹਾ ਸਹਿਯੋਗ ਲੈਕੇ ਅੱਗੇ ਵਧ ਜਾਣਾ ਚਾਹੀਦਾ ਹੈ। ਕਮਜੋਰੀ ਦੀ ਗੱਲ ਨੂੰ ਜਿਆਦਾ ਨਹੀਂ ਸੋਚਣਾ ਤਾਂ ਖੁਸ਼ੀ ਵਿੱਚ ਅੱਗੇ ਵਧਦੇ ਜਾਵੋਗੇ।